ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ. 308/cc ਮਿਤੀ 29/9/15

ਪੰਜਾਬ ਸਰਕਾਰ
ਸਿੰਚਾਈ ਵਿਭਾਗ
(ਸਿੰਚਾਈ ਪ੍ਰਸੋਨਲ-2 ਸਾਖਾ)

11083
29 9 2015

ਪੰਜਾਬ ਦੇ ਰਾਜਪਾਲ ਜੀ ਦੇ ਹੁਕਮ

ਸ੍ਰੀ ਪਰਮਿੰਦਰ ਸਿੰਘ, ਜਿਲ੍ਹੇਦਾਰ ਨੂੰ ਸਰਕਾਰ ਦੇ ਪੱਤਰ ਨੰ: 5/30/2014-5ਸਿੰ:ਪ੍ਰੋ:2/486195/1-3, ਮਿਤੀ 15.5.2015 ਰਾਹੀਂ ਹੇਠ ਲਿਖੇ ਦੋਸਾਂ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਰੂਲਜ 1970 ਦੇ ਨਿਯਮ-10 ਅਧੀਨ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ :-

> ਜਦੋਂ ਆਪ ਬਤੌਰ ਜਿਲ੍ਹੇਦਾਰ, ਅਬੋਹਰ ਵਿਖੇ ਤੈਨਾਤ ਸੀ ਤਾਂ ਆਪਣੀ ਤੈਨਾਤੀ ਦੌਰਾਨ ਮੋਘਾ ਨੰ: 72790 ਦੋਲਤਪੁਰਾ ਮਾਈਨਰ ਤੇ ਸ੍ਰੀ ਨਰਿੰਦਰ ਸਿੰਘ ਵੱਲੋਂ ਨਜਾਇਜ ਨੱਕੇ ਸਬੰਧੀ ਆਪ ਦੇ ਦਫਤਰ ਵਿੱਚ ਸਿਕਾਇਤ ਪ੍ਰਾਪਤ ਹੋਣ ਦੇ ਬਾਵਜੂਦ ਵੀ ਆਪ ਵੱਲੋਂ ਇਸ ਉਪਰ ਕੋਈ ਕਾਰਵਾਈ ਨਹੀਂ ਕੀਤੀ ਗਈ ਅਤੇ ਇਸ ਗੈਰ ਕਾਨੂੰਨੀ ਨੱਕੇ ਨੂੰ ਬੰਦ ਕਰਵਾਉਂਣ ਲਈ ਆਪ ਵੱਲੋਂ ਕੋਈ ਉਪਰਾਲੇ ਨਹੀਂ ਕੀਤੇ ਗਏ ਨਾਂ ਹੀ ਸਮੇਂ ਸਿਰ ਡਿਪਟੀ ਕੁਲੈਕਟਰ ਨੂੰ ਰਿਪੋਰਟ ਭੇਜੀ ਗਈ ਜਿਸ ਕਾਰਨ ਨਰਿੰਦਰ ਸਿੰਘ ਵਿਰੁੱਧ ਪੁਲਿਸ ਪਰਚਾ ਦਰਜ ਕਰਵਾਉਂਣ ਵਿੱਚ ਦੇਰੀ ਹੋਈ ਹੈ ਅਤੇ ਅਜਿਹਾ ਕਰਕੇ ਆਪ ਵੱਲੋਂ ਇੱਕ ਧਿਰ ਨੂੰ ਨਜਾਇਜ ਫਾਇਦਾ ਪਹੁੰਚਾਉਂਣ ਲਈ ਆਪਣੇ ਅਹੁੱਦੇ ਦੀ ਦੁਰਵਰਤੋਂ ਕੀਤੀ ਹੈ।

2. ਇਸ ਸਬੰਧ ਵਿੱਚ ਸ੍ਰੀ ਪਰਮਿੰਦਰ ਸਿੰਘ, ਜਿਲ੍ਹੇਦਾਰ ਵੱਲੋਂ ਕਾਰਨ ਦੱਸੋ ਨੋਟਿਸ ਦਾ ਜਵਾਬ ਮਿਤੀ 29.5.2015 ਨੂੰ ਪੇਸ਼ ਕੀਤਾ ਗਿਆ ਸੀ । ਇਸ ਕੇਸ ਤੇ ਫੈਸਲਾ ਲੈਣ ਤੋਂ ਪਹਿਲਾਂ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਸਕੱਤਰ ਸਿੰਚਾਈ ਜੀ ਵੱਲੋਂ ਇਸ ਅਧਿਕਾਰੀ ਨੂੰ ਮਿਤੀ 9.9.2015 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਸੀ।

3. ਸ੍ਰੀ ਪਰਮਿੰਦਰ ਸਿੰਘ, ਜਿਲ੍ਹੇਦਾਰ ਵੱਲੋਂ ਨਿੱਜੀ ਸੁਣਵਾਈ ਸਮੇ ਪੇਸ਼ ਕੀਤੀਆਂ ਦਲੀਲਾਂ ਅਤੇ ਕੇਸ ਦੇ ਸਾਰੇ ਪੱਖਾਂ ਨੂੰ ਵਿਚਾਰਨ ਉਪਰੰਤ ਇਹ ਤੱਥ ਸਾਹਮਣੇ ਆਏ ਕਿ ਸ੍ਰੀ ਪਰਮਿੰਦਰ ਸਿੰਘ, ਜਿਲ੍ਹੇਦਾਰ ਦੀ ਬਦਲੀ ਮਿਤੀ 15.12.2011 ਨੂੰ ਜਿਲ੍ਹੇਦਾਰੀ ਸੈਕਸ਼ਨ, ਅਜੀਮਗੜ੍ਹ ਵਿਖੇ ਹੋ ਗਈ ਸੀ ਅਤੇ ਉਹ ਮਿਤੀ 21.12.2011 ਨੂੰ ਜੰਡਵਾਲਾ ਸੈਕਸਨ ਤੋਂ ਰੀਲੀਵ ਹੋ ਗਿਆ ਸੀ । ਇਸ ਕਰਮਚਾਰੀ ਵੱਲੋਂ ਨਿੱਜੀ ਸੁਣਵਾਈ ਸਮੇਂ ਪੇਸ ਕੀਤੇ ਤੱਥਾਂ ਦੇ ਸਨਮੁੱਖ ਇਸ ਕਰਮਚਾਰੀ ਨੂੰ ਬੇਕਸੂਰ ਪਾਇਆ ਗਿਆ । ਇਸ ਲਈ ਸ੍ਰੀ ਪਰਮਿੰਦਰ ਸਿੰਘ ਜਿਲ੍ਹੇਦਾਰ ਨੂੰ ਜਾਰੀ ਕੀਤਾ ਗਿਆ ਕਾਰਨ ਦੱਸੋ ਨੋਟਿਸ ਠੱਪ ਕੀਤਾ ਜਾਦਾ ਹੈ।

ਮਿਤੀ,ਚੰਡੀਗੜ੍ਹ:
17-9-2015

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ

ਪਿੱਠ ਅੰਕਣ ਨੰ:5/30/2014-5ਸਿੰ:ਪ੍ਰੋ:2/597566/3 ਮਿਤੀ,ਚੰਡੀਗੜ੍ਹ: 29/9/15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।
2) ਮੁੱਖ ਇੰਜੀਨੀਅਰ/ਚੌਕਸੀ ਅਤੇ ਕੁਆਲਟੀ ਕੰਟਰੋਲ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ।
3) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ,ਚੰਡੀਗੜ੍ਹ।
4) ਸ੍ਰੀ ਪਰਮਿੰਦਰ ਸਿੰਘ, ਜਿਲ੍ਹੇਦਾਰ ਪੁੱਤਰ ਸ੍ਰੀ ਗੁਰਦੇਵ ਸਿੰਘ ਅਬੋਹਰ ਨਹਿਰ ਮੰਡਲ, ਅਬੋਹਰ।